# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਪੰਜਾਬ

## ਐਸ.ਸੀ.ਓ 162-164 ਸੈਕਟਰ 34-ਏ, ਚੰਡੀਗੜ੍ਹ

ਫੋਨ ਨੰ: 0172-2623207, 5043257, 5043250 ਈ.ਮੇਲ ssa.punjab@yahoo.co.in

ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਵੱਲੋਂ ਨਿਮਨਲਿਖਤ ਖਾਲੀ ਅਸਾਮੀਆਂ ਕੰਟਰੈਕਟ ਬੇਸਿਜ਼ ਤੇ ਭਰਨ ਲਈ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ :-

| ਲੜੀ ਨੰ: | ਅਸਾਮੀ ਦਾ ਨਾਂ | ਮਾਸਿਕ ਬੱਝਵੀਂ ਤਨਖਾਹ | ਮੁੱਢਲੀ ਵਿੱਦਿਅਕ ਅਤੇ ਕਿੱਤਾ ਯੋਗਤਾ | ਅਸਾਮੀਆਂ ਦੀ ਗਿਣਤੀ |
|---|---|---|---|---|
| 1 | **ਮੁੱਖ ਲੇਖਾ ਅਫ਼ਸਰ** | 22,000/-ਰੁ: | ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵਿਚੋਂ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਜਾਂ ਇਸ ਤੋਂ ਉਚੇਰੀ ਆਸਾਮੀ ਤੋਂ ਰਿਟਾਇਰ ਹੋਇਆ ਹੋਵੇ। | 01 (ਮੁੱਖ ਦਫ਼ਤਰ) |
| 2 | **ਐਕਸੀਅਨ** | 20,000/-ਰੁ: | ਪੰਜਾਬ ਸਰਕਾਰ ਦੇ ਲੋਕ ਨਿਰਮਾਣ (ਭਵਨ ਤੇ ਮਾਰਗ ਸ਼ਾਖਾ) ਵਿਭਾਗ ਪੰਜਾਬ, ਪੇਂਡੂ ਵਿਕਾਸ ਤੇ ਪੰਚਾਇਤੀ ਵਿਭਾਗ ਅਤੇ ਪੁੱਡਾ ਵਿੱਚ ਸਿਵਲ ਵਰਕਸ ਦਾ ਤਰਜਬਾ ਬਤੌਰ ਕਾਰਜਕਾਰੀ ਇੰਜੀਨੀਅਰ ਸੇਵਾ ਨਿਵਿਰਤ ਹੋਵੇ। | 01 (ਮੁੱਖ ਦਫ਼ਤਰ) |
| 3 | **ਉਪ ਮੰਡਲ ਇੰਜੀਨੀਅਰ** | 15,000/-ਰੁ: | ਉਮੀਦਵਾਰ ਬਤੌਰ ਐਸ.ਡੀ.ਓ. ਲੋਕ ਨਿਰਮਾਣ (ਭਵਨ ਤੇ ਮਾਰਗ ਸ਼ਾਖਾ) ਵਿਭਾਗ ਪੰਜਾਬ, ਪੇਂਡੂ ਵਿਕਾਸ ਤੇ ਪੰਚਾਇਤੀ ਵਿਭਾਗ ਅਤੇ ਪੁੱਡਾ ਤੋਂ ਸੇਵਾ ਨਿਵਿਰਤ ਹੋਵੇ ਅਤੇ 15-20 ਸਾਲ ਦਾ ਬਿਲਡਿੰਗ ਉਸਾਰੀ ਦਾ ਤਜ਼ਰਬਾ ਹੋਵੇ ਅਤੇ ਸਿਵਲ ਇੰਜੀਨੀਅਰ ਵਿੱਚ ਗਰੈਜੂਏਸ਼ਨ/ਡਿਪਲੋਮਾ ਕੀਤਾ ਹੋਵੇ। | 20 (ਜ਼ਿਲ੍ਹਾ ਪੱਧਰ) |
| 4 | **ਜੇ.ਈ.** | 12,000/-ਰੁ: | ਉਮੀਦਵਾਰ ਬਤੌਰ ਜੇ.ਈ. ਲੋਕ ਨਿਰਮਾਣ (ਭਵਨ ਤੇ ਮਾਰਗ ਸ਼ਾਖਾ) ਵਿਭਾਗ ਪੰਜਾਬ, ਪੇਂਡੂ ਵਿਕਾਸ ਤੇ ਪੰਚਾਇਤੀ ਵਿਭਾਗ ਅਤੇ ਪੁੱਡਾ ਤੋਂ ਸੇਵਾ ਨਿਵਿਰਤ ਹੋਵੇ ਅਤੇ 15-20 ਸਾਲ ਦਾ ਬਿਲਡਿੰਗ ਉਸਾਰੀ ਦਾ ਤਜ਼ਰਬਾ ਹੋਵੇ ਅਤੇ ਸਿਵਲ ਇੰਜੀਨੀਅਰ ਵਿੱਚ ਡਿਪਲੋਮਾ ਕੀਤੀ ਹੋਵੇ। | 21<br>01 (ਮੁੱਖ ਦਫ਼ਤਰ)<br>20 ਜ਼ਿਲਾ ਪੱਧਰ |
| 5 | **ਡਰਾਫਟਸਮੈਨ** | 10,000/- | ਉਮੀਦਵਾਰ ਬਤੌਰ ਡਰਾਫਟਸਮੈਨ ਜਾਂ ਉਸ ਤੋ ਉੱਚ ਅਹੁਦੇ ਤੋ ਲੋਕ ਨਿਰਮਾਣ (ਭਵਨ ਤੇ ਮਾਰਗ ਸ਼ਾਖਾ) ਵਿਭਾਗ ਪੰਜਾਬ, ਪੇਂਡੂ ਵਿਕਾਸ ਤੇ ਪੰਚਾਇਤੀ ਵਿਭਾਗ ਅਤੇ ਪੁੱਡਾ ਤੋ ਸੇਵਾ ਨਵਿਰਤ ਹੋਇਆ ਹੋਵੇ ਅਤੇ 15-20 ਸਾਲ ਦਾ ਤਜਰਬਾ ਹੋਵੇ।ਉਮੀਦਵਾਰ ਨੇ ਡਰਾਫਟਸਮੈਨ ਦਾ ਡਿਪਲੋਮਾ ਕੀਤਾ ਹੋਵੇ। | 20 (ਜਿਲ੍ਹਾ ਪੱਧਰ) |

- **ਅਸਾਮੀਆਂ ਦੀ ਗਿਣਤੀ ਲੋੜ ਅਨੁਸਾਰ ਘਟ ਜਾਂ ਵਧ ਸਕਦੀ ਹੈ।**
- **ਅਪਲਾਈ ਕਰਨ ਦੀ ਆਖਰੀ ਮਿਤੀ 20/12/10 ਹੈ।**
- **ਉਮੀਦਵਾਰ ਸਾਫ ਤੌਰ ਤੇ ਲਿਖਣ ਕਿ ਉਨ੍ਹਾਂ ਨੇ ਵਿੱਦਿਅਕ ਯੋਗਤ ਕਿਸ ਤਰਾਂ ਪ੍ਰਾਪਤ ਕੀਤੀ ਹੈ ਅਰਥਾਤ ਰੈਗੁਲਰ ਉਮੀਦਵਾਰ ਵਜੋਂ/ਪ੍ਰਾਈਵੇਟ ਉਮੀਦਵਾਰ ਵਜੋਂ ਜਾਂ ਡਾਕ ਸਿੱਖਿਆ ਪ੍ਰਣਾਲੀ ਰਾਹੀਂ।**
- **ਆਸਾਮੀ ਲਈ ਉਮੀਦਵਾਰ ਆਪਣੇ ਬਿਣੈ**-ਪੱਤਰ ਇਸ ਦਫਤਰ ਵਿਖੇ ਪੁਜੱਦਾ ਕਰਣਗੇ।ਉਡੀਕ ਸੂਚੀ ਦੀ ਮਿਆਦ ਵਿਗਿਆਪਨ ਦੀ ਮਿਤੀ ਤੋ ਅਗਲੇ 6 ਮਹੀਨੀਆਂ ਤੱਕ ਰਹੇਗੀ।
- ਬਿਨੈਪੱਤਰ ਦਾ ਪ੍ਰੋਫਾਰਮਾ ਅਤੇ ਸ਼ਰਤਾ ਵਿਭਾਗ ਦੀ ਵੈਬਸਾਈਟ **www.ssapunjab.org** ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

ਸਟੇਟ ਪ੍ਰਜੈਕਟ ਡਾਇਰੈਕਟਰ

# ਨਿਯਮ ਅਤੇ ਸ਼ਰਤਾਂ

**ਆਮ ਨਿਯਮ ਅਤੇ ਸ਼ਰਤਾਂ**

- ਆਰ.ਐਮ.ਐਸ.ਏ ਅਧੀਨ ਸਾਰੀਆਂ ਅਸਾਮੀਆਂ ਮੁੱਢਲੇ ਤੌਰ 'ਤੇ ਇੱਕ ਸਾਲ ਦੇ ਠੇਕੇ ਆਧਾਰ 'ਤੇ ਹੋਣਗੀਆਂ ਜੋ ਕਿ ਚੰਗੀ ਕਾਰ-ਗੁਜ਼ਾਰੀ ਅਤੇ ਪ੍ਰਾਪਤੀ ਦੇ ਆਧਾਰ 'ਤੇ ਹਰ ਸਾਲ ਲਈ ਨਵਿਆਈਆਂ ਜਾ ਸਕਦੀਆ ਹਨ ।
- ਵਿਦਿਅਕ ਯੋਗਤਾ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ /ਬੋਰਡ/ਸੰਸਥਾਂ ਤੋਂ ਪਾਸ ਹੋਵੇ । ਉਮੀਦਵਾਰ ਨੇ ਬਿਨੈ ਪੱਤਰ ਜਮ੍ਹਾਂ ਕਰਨ ਲਈ ਨੀਯਤ ਮਿਤੀ ਤੋਂ ਪਹਿਲਾਂ ਅੰਤਿਮ ਪ੍ਰੀਖਿਆ ਪਾਸ ਕੀਤੀ ਹੋਵੇ ਅਤੇ ਯੋਗਤਾ ਕੋਰਸ ਮੁਕੰਮਲ ਕੀਤਾ ਹੋਵੇ ।
- ਬਿਨੈਪੱਤਰ ਦਿੱਤੇ ਨਿਰਧਾਰਿਤ ਪ੍ਰੋਫਾਰਮੇ ਵਿੱਚ ਭੇਜਿਆ ਜਾਵੇ ਜਿਸ ਦੇ ਨਾਲ ਦੋ ਪਾਸਪੋਰਟ ਅਕਾਰ ਦੀਆਂ ਫੋਟੋਆਂ ਭੇਜੀਆਂ ਜਾਣ ।
- ਅਸਾਮੀਆਂ ਦਾ ਰਾਖਵਾਂਕਰਨ ਪੰਜਾਬ ਸਰਕਾਰ ਦੀ ਪਾਲਿਸੀ ਅਨੁਸਾਰ ਹੋਵੇਗਾ ।
- ਉਮੀਂਦਵਾਰ ਪੰਜਾਬ ਰਾਜ ਦਾ ਵਸਨੀਕ ਹੋਵੇ ।
- ਬਿਨੈਪੱਤਰਾਂ ਦੇ ਨਾਲ ਜਨਮ ਸਰਟੀਫਿਕੇਟ, ਯੋਗਤਾਵਾਂ, ਰਿਹਾਇਸ਼ ਸਬੂਤ, ਰਾਖਵੇਂ ਵਰਗ ਆਦਿ ਦੀਆਂ ਤਸਦੀਕਸ਼ੁਦਾ ਕਾਪੀਆਂ ਨੱਥੀ ਹੋਣੀਆਂ ਚਾਹੀਦੀਆਂ ਹਨ ।
- ਬਿਨੈਪੱਤਰ ਦੇ ਨਾਲ "ਸਟੈਟ ਪ੍ਰੋਜੈਕਟ ਡਾਇਰੈਕਟਰ, ਰਾਸ਼ਟਰੀ ਮਾਧਿਮਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ" ਦੇ ਪੱਖ ਵਿੱਚ ਚੰਡੀਗੜ੍ਹ ਵਿਖੇ ਅਦਾਯੋਗ ਰੁਪਏ 250/- (ਐਸ.ਸੀ ਲਈ 125/- ਰੁਪਏ) ਨਾ ਮੋੜਨਯੋਗ ਦਾ ਡਿਮਾਂਡ ਡਰਾਫਟ ਨੱਥੀ ਕੀਤਾ ਹੋਵੇ ।
- ਅਧੂਰੇ ਬਿਨੈਪੱਤਰ ਵਿਚਾਰੇ ਨਹੀ ਜਾਣਗੇ । ਚਾਹਵਾਨ ਅਤੇ ਯੋਗ ਉਮੀਦਵਾਰ ਨੂੰ ਬਿਨੈਪੱਤਰ ਹੇਠਾਂ ਦਿੱਤੇ ਪ੍ਰੋਫਾਰਮੇ ਅਨੁਸਾਰ (ਟੈਸਟੀਮੋਨੀਅਲਜ਼ ਦੀਆ ਤਸਦੀਕਸ਼ੁਦਾ ਕਾਪੀਆਂ ਸਹਿਤ ) ਭੇਜੇ ਜਾਣ ।
- ਐਸ.ਪੀ.ਡੀ , ਆਰ.ਐਮ.ਐਸ.ਏ ਪੰਜਾਬ ਬਿਨਾਂ ਕਾਰਨ ਦੱਸੇ ਕਿਸੇ ਵੀ ਜਾਂ ਸਾਰੇ ਉਮੀਦਵਾਰਾਂ ਨੂੰ ਰਿਜੈਕਟ ਕਰਨ ਦਾ ਹੱਕ ਰਾਖਵਾਂ ਰੱਖਦਾ ਹੈ ।
- ਸਰਕਾਰ ਦੁਆਰਾ ਦੰਡ ਜਾਂ ਪਬਲਿਕ ਅਥਾਰਟੀ ਦੁਆਰਾ ਬਰਖ਼ਾਸਤ ਇੰਪਲਾਈਜ਼ ਬਿਨੈ ਨਾ ਕਰਨ । ਜੇਕਰ ਉਮੀਦਵਾਰ ਅਜਿਹੀ ਸੂਚਨਾ ਗੁਪਤ ਰੱਖ ਕੇ ਰੁਜ਼ਗਾਰ ਪ੍ਰਾਪਤ ਕਰਦਾ ਹੈ ਤਾਂ ਬਿਨਾਂ ਸੂਚਨਾ ਉਸ ਦੀ ਉਮੀਦਵਾਰੀ ਰੱਦ ਕੀਤੀ ਜਾਵੇਗੀ ।
- ਨਿਯੁਕਤੀ ਲਿਖਤੀ ਟੈਸਟ ਦੇ ਆਧਾਰ ਤੇ ਹੀ ਕੀਤੀ ਜਾਵੇਗੀ।

ਆਸਾਮੀਆਂ ਲਈ ਨਿਰਧਾਰਤ ਪ੍ਰੋਫਾਰਮੇ ਵਿੱਚ ਮਿਤੀ 20.12.2010 ਸ਼ਾਮ 5.00 ਤੱਕ ਉਪਰੋਕਤ ਦਿੱਤੇ ਐਡਰੈਸ ਤੇ ਪੁੱਜ ਜਾਣੀਆਂ ਚਾਹੀਦੀਆਂ ਹਨ। ਨਿਰਧਾਰਤ ਮਿਤੀ ਤੋਂ ਬਾਅਦ ਪੁੱਜੀਆਂ ਅਰਜ਼ੀਆਂ ਉਤੇ ਵਿਚਾਰ ਨਹੀਂ ਕੀਤੀ ਜਾਵੇਗੀ।

**ਅਰਜ਼ੀ ਦਾ ਪ੍ਰੋਫਾਰਮਾ**

**ਅਸਾਮੀ ਦਾ ਨਾਮ ਜਿਸ ਲਈ ਦਰਖਾਸਤ ਕੀਤੀ ਗਈ ਹੈ……………ਜ਼ਿਲਾ……………ਅਧੀਨ ਸੋਸਾਈਟੀ**
…………………………

ਇੱਥੇ ਪਾਸਪੋਰਟ ਸਾਈਜ਼ ਤਾਜ਼ਾ ਫੋਟੋ ਚਿਪਕਾਈ ਜਾਵੇ

1. ਨਾਮ :

2. ਪਿਤਾ ਦਾ ਨਾਮ

3. ਜਨਮ ਮਿਤੀ

4. ਸਥਾਈ ਪਤਾ

5. ਯੋਗਤਾ:

| ਲੜੀ ਨੰ: | ਪਾਸ ਕੀਤਾ ਗਿਆ ਇਮਤਿਹਾਨ | ਯੂਨੀਵਰਸਿਟੀ/ਬੋਰਡ/ਸੰਸਥਾ | ਪਾਸ ਕਰਨ ਦਾ ਸਾਲ | ਅੰਕਾਂ ਦੀ ਪ੍ਰਤੀਸ਼ਤਤਾ |
|---|---|---|---|---|
| | | | | |

( ਮੈਟ੍ਰਿਕ ਤੋਂ ਲੈਕੇ ਸਭ ਤੋਂ ਅਖੀਰਲੀ ਯੋਗਤਾ ਤੱਕ ਸਭ ਦਾ ਵੇਰਵਾ ਦਿੱਤਾ ਜਾਵੇ )

6.ਸੰਬੰਧਤ ਕੰਮ ਦਾ ਤਜਰਬਾ ______________________________________________

7. ਬੈਂਕ ਡਰਾਫਟ ਦਾ ਵੇਰਵਾ

| ਬੈਂਕ ਦਾ ਨਾਮ | ਡਰਾਫਟ ਨੰ: | ਰਾਸ਼ੀ | ਮਿਤੀ |
|---|---|---|---|
| | | | |

8. ਜ਼ਿਲੇ ਦਾ ਨਾਮ ਜਿਸ ਨਾਲ ਉਮੀਦਵਾਰ ਸੰਬੰਧ ਰੱਖਦਾ ਹੈ

| | | |
|---|---|---|
| ੯. ਪੱਤਰ ਵਿਹਾਰ ਲਈ ਪਤਾ ( ਪੂਰਾ ਨਾਮ ਅਤੇ ਪਤਾ ਵੱਡੇ ਅੱਖਰਾਂ ਵਿੱਚ ਕੇਵਲ ਕਾਲੀ ਸਿਆਹੀ ਨਾਲ ਲਿਖਿਆ ਜਾਵੇ ) | ……………………………… <br> ……………………………… <br> ਜ਼ਿਲਾ……………………… ਪਿਨ ਕੋਡ………………… <br> ਫੋਨ ਨੰ: (ਐਸ.ਟੀ.ਡੀ ਕੋਡ ਸਮੇਤ)……………ਮੋਬਾ: ਨੰ:……………… <br> ਈ-ਮੇਲ ਐਡਰੈਸ……………………………… | ਆਪਣੇ ਹਸਤਾਖਰਾਂ ਵਾਲੀ ਤਾਜ਼ਾ ਪਾਸਪੋਰਟ ਸਾਈਜ਼ ਫੋਟੋ ਇੱਥੇ ਚਿਪਕਾਈ ਜਾਵੇ (5 ਸੈਂ.ਮੀ × 7 ਸੈਂ:ਮੀ. ) |

ਘੋਸ਼ਣਾ : ਮੈਂ ਘੋਸ਼ਣਾ ਕਰਦਾ ਹਾਂ ਕਿ ਬਿਨੈ-ਪੱਤਰ ਵਿੱਚ ਦਿੱਤੇ ਗਏ ਸਾਰੇ ਵੇਰਵੇ ਮੇਰੇ ਵਿਸ਼ਵਾਸ ਅਤੇ ਜਾਣਕਾਰੀ ਅਨੁਸਾਰ ਸਹੀ ਹਨ। ਜੇਕਰ ਇਹ ਵੇਰਵੇ ਗਲਤ ਪਾਏ ਗਏ ਤਾਂ ਮੇਰੀ ਉਮੀਦਵਾਰੀ/ਨਿਯੁਕਤੀ ਬਿਨਾਂ ਕਿਸੇ ਨੋਟਿਸ ਤੋਂ ਰੱਦ ਕਰ ਦਿੱਤੀ ਜਾਵੇ ।

ਸਟੇਟ ਪ੍ਰਾਜੈਕਟ ਡਾਇਰੈਕਟਰ

# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਪੰਜਾਬ


**ਐਸ.ਸੀ.ਓ 104-106 ਸੈਕਟਰ 34-ਏ, ਚੰਡੀਗੜ੍ਹ**

**ਫੋਨ ਨੰ: 0172-2623207 ਈ.ਮੇਲ ssa.punjab@yahoo.co.in**


ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਵੱਲੋਂ ਨਿਮਨਲਿਖਤ ਖਾਲੀ ਅਸਾਮੀਆਂ ਕੰਟਰੈਕਟ ਬੇਸਿਜ਼ ਤੇ ਭਰਨ ਲਈ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ :-

| ਲੜ੍ਹੀ ਨੰ: | ਅਸਾਮੀ ਦਾ ਨਾਂ | ਮਾਸਿਕ ਬੱਝਵੀਂ ਤਨਖਾਹ | ਮੁੱਢਲੀ ਵਿੱਦਿਅਕ ਅਤੇ ਕਿੱਤਾ ਯੋਗਤਾ | ਅਸਾਮੀਆਂ ਦੀ ਗਿਣਤੀ |
|---|---|---|---|---|
| 1 | **ਏ.ਪੀ.ਸੀ. ਜਨਰਲ** | 15,000/-ਰੁ: | ਐਮ.ਬੀ.ਏ. ਪਹਿਲੇ ਦਰਜੇ ਵਿੱਚ ਪਾਸ ਕੀਤੀ ਹੋਵੇ। | 20 (ਜ਼ਿਲ੍ਹਾ ਪੱਧਰ) |
| 2 | **ਏ.ਪੀ.ਸੀ. ਫਾਇਨਾਂਸ** | 12,500/-ਰੁ: | CA Inter or MBA ਫਾਇਨਾਂਸ ਪਹਿਲੇ ਦਰਜੇ ਵਿੱਚ ਪਾਸ ਕੀਤੀ ਹੋਵੇ। | 20 (ਜ਼ਿਲ੍ਹਾ ਪੱਧਰ) |
| 3 | **ਕੰਪਿਊਟਰ ਪ੍ਰੋਗਰਾਮਰ** | 12,500/-ਰੁ: | ਉਮੀਦਵਾਰ ਨੇ ਬੀ.ਸੀ.ਏ/ਬੀ.ਐਸ.ਸੀ/ਬੀ.ਈ./ਬੀ.ਟੈਕ /ਬੀ.ਕੈਮ (ਆਈ.ਟੀ/ਕੰਪਿਊਟਰ ਸਾਇੰਸ/ ਇੰਟਰਨੈਟ ਸਾਇੰਸ/ ਇਨਫਰਮੇਸ਼ਨ ਸਿਸਟਮ) ਜਾਂ ਡੀ.ਓ.ਈ.ਏ.ਸੀ.ਸੀ. ਦਾ ਏ/ਬੀ ਲੈਵਲ ਜਾਂ ਆਈ.ਈ.ਟੀ.ਈ. ਦਾ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿੱਚ ਬੀ.ਆਈ.ਟੀ. ਜਾਂ ਬੀ.ਐਮ.ਆਈ.ਟੀ ਜਾਂ ਏ.ਐਮ.ਆਈ.ਈ ਇਮਤਿਹਾਨ ਪਾਸ ਕਰ ਰੱਖਿਆ ਹੋਵੇ ਜਾਂ ਉਸ ਕੋਲ ਇਸਤੋਂ ਉਚੇਰੀ ਕੋਈ ਯੋਗਤਾ ਹੋਵੇ ਅਤੇ ਘੱਟੋ ਘੱਟ 2 ਸਾਲ ਦਾ ਸਾਫਟੇਵਅਰ ਡਿਵੈਲਪਮੈਂਟ ਸੰਬੰਧੀ ਤਜਰਬਾ। | 02 (ਮੁੱਖ ਦਫ਼ਤਰ) |
| 4 | **ਜ਼ਿਲ੍ਹਾ (MIS) ਕੋਆਰਡੀਨੇਟਰ** | 12,000/-ਰੁ: | ਉਮੀਦਵਾਰ ਨੇ ਬੀ.ਸੀ.ਏ/ਬੀ.ਐਸ.ਸੀ/ਬੀ.ਈ./ਬੀ.ਟੈਕ /ਬੀ.ਕੈਮ (ਆਈ.ਟੀ/ਕੰਪਿਊਟਰ ਸਾਇੰਸ/ ਇੰਟਰਨੈਟ ਸਾਇੰਸ/ਇਨਫਰਮੇਸ਼ਨ ਸਿਸਟਮ) ਜਾਂ ਡੀ.ਓ.ਈ.ਏ.ਸੀ.ਸੀ. ਦਾ ਏ/ਬੀ ਲੈਵਲ ਜਾਂ ਆਈ.ਈ.ਟੀ.ਈ. ਦਾ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿੱਚ ਬੀ.ਆਈ.ਟੀ. ਜਾਂ ਬੀ.ਐਮ.ਆਈ.ਟੀ ਜਾਂ ਏ.ਐਮ.ਆਈ.ਈ ਇਮਤਿਹਾਨ ਪਾਸ ਕਰ ਰੱਖਿਆ ਹੋਵੇ ਜਾਂ ਉਸ ਕੋਲ ਇਸਤੋਂ ਉਚੇਰੀ ਕੋਈ ਯੋਗਤਾ ਹੋਵੇ ਅਤੇ ਘੱਟੋ ਘੱਟ 1 ਸਾਲ ਦਾ ਸਾਫਟੇਵਅਰ ਡਿਵੈਲਪਮੈਂਟ ਸੰਬੰਧੀ ਤਜਰਬਾ। | 20 (ਜ਼ਿਲ੍ਹਾ ਪੱਧਰ) |
| 5 | **ਅਕਾਊਂਟੈਂਟ** | 10,000/-ਰੁ: | ਬੀ.ਕਾਮ. ਪਹਿਲੇ ਦਰਜੇ ਵਿੱਚ ਪਾਸ ਕੀਤੀ ਹੋਵੇ। | 20 (ਜ਼ਿਲ੍ਹਾ ਪੱਧਰ) |
| 6 | **ਸਟੈਨੋਗਰਾਫਰ** | 8500/-ਰੁ: | ਗਰੈਜੂਏਟ+ਸਟੈਨੋਗਰਾਫੀ ਦਾ ਅੰਗਰੇਜ਼ੀ ਅਤੇ ਪੰਜਾਬੀ ਦਾ ਡਿਪਲੋਮਾ ਅਤੇ ਕੰਪਿਊਟਰ ਟਾਇਪਿੰਗ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਜਾਣਦਾ ਹੋਵੇ। | 02 (ਮੁੱਖ ਦਫ਼ਤਰ) |

- **ਅਸਾਮੀਆਂ ਦੀ ਗਿਣਤੀ ਲੋੜ ਅਨੁਸਾਰ ਘਟ ਜਾਂ ਵਧ ਸਕਦੀ ਹੈ।**
- **ਅਪਲਾਈ ਕਰਨ ਦੀ ਆਖਰੀ ਮਿਤੀ 20/12/10 ਹੈ।**
- **ਉਮੀਦਵਾਰ ਸਾਫ ਤੌਰ ਤੇ ਲਿਖਣ ਕਿ ਉਨ੍ਹਾਂ ਨੇ ਵਿੱਦਿਅਕ ਯੋਗਤ ਕਿਸ ਤਰਾਂ ਪ੍ਰਾਪਤ ਕੀਤੀ ਹੈ ਅਰਥਾਤ ਰੈਗੂਲਰ ਉਮੀਦਵਾਰ ਵਜੋਂ/ਪ੍ਰਾਈਵੇਟ ਉਮੀਦਵਾਰ ਵਜੋਂ ਜਾਂ ਡਾਕ ਸਿੱਖਿਆ ਪ੍ਰਣਾਲੀ ਰਾਹੀਂ।ਆਸਾਮੀ ਲਈ ਉਮੀਦਵਾਰ ਸੀ.ਡੈਕ ਰਾਹੀ ਆਨ ਲਾਇਨ ਅਪਲਾਈ ਕਰਣਗੇ।ਜਿਸ ਬਾਰੇ** www.ssapunjab.org ਉਤੇ ਵਿਸਤਾਰ ਨਾਲ ਜਾਣਕਾਰੀ ਹੈ।

ਸਟੇਟ ਪ੍ਰੋਜੈਕਟ ਡਾਇਰੈਕਟਰ

# ਨਿਯਮ ਅਤੇ ਸ਼ਰਤਾਂ

**ਆਮ ਨਿਯਮ ਅਤੇ ਸ਼ਰਤਾਂ**

## ਆਨ ਲਾਈਨ ਅਪਲਾਈ ਕਰਨ ਦੀ ਵਿਧੀ:

1. ਆਨ ਲਾਈਨ ਅਪਲਾਈ ਕਰਨ ਤੋਂ ਪਹਿਲਾਂ 250/- ਰੁ: ਦਾ ਨਾ-ਮੋੜਨਯੋਗ ਬੈਂਕ ਡਰਾਫਟ (ਅਨੁਸੂਚਿਤ ਜਾਤੀਆਂ ਦੇ ਕੇਸ ਵਿੱਚ 125/- ਰੁ: ਦਾ ) ਜਿਹੜਾ ਕਿ " ਸਟੇਟ ਪ੍ਰਾਜੈਕਟ ਡਾਇਰੈਕਟਰ ਰਾਸ਼ਟਰੀ ਮਾਧਿਮਕ ਸਿੱਖਿਆ ਅਭਿਆਨ ਅਥਾਰਟੀ ਪੰਜਾਬ " ਦੇ ਹੱਕ ਵਿੱਚ ਹੋਵੇ ਅਤੇ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ ਬਣਵਾਕੇ ਤਿਆਰ ਰੱਖਣਾ ਪਵੇਗਾ ਕਿਉਂਕਿ ਡਰਾਫਟ ਦਾ ਨੰਬਰ, ਮਿਤੀ ਅਤੇ ਬੈਂਕ ਦੇ ਨਾਮ ਦਾ ਵੇਰਵਾ ਫਾਰਮ ਵਿੱਚ ਦਰਜ ਕਰਨਾ ਪਵੇਗਾ।
2. ਫਾਰਮ ਦਾ ਪ੍ਰਿੰਟ ਆਊਟ ਲੈਣ ਲਈ ਵੈਬਸਾਈਟ **http://recruitment.cdacmohali.in** ਵਿੱਚ ਪਹੁੰਚ ਕਰਕੇ ਬਿਨੈ-ਪੱਤਰ ਆਨ ਲਾਈਨ ਮਿਤੀ 20.12.2010 ਸ਼ਾਮ ਦੇ 5.00 ਵਜੇ ਤੱਕ ਭਰੇ ਜਾ ਸਕਦੇ ਹਨ। ਅਪਲਾਈ ਕਰਨ ਤੋ ਬਾਅਦ ਇਸ ਫਾਰਮ ਦੇ 2 ਪ੍ਰਿੰਟ ਆਊਟ ਲੈਣੇ ਹਨ। ਇਨ੍ਹਾਂ ਉਤੇ ਫੋਟੋ ਲਗਾਕੇ ਇਸਨੂੰ ਕਿਸੇ ਗਜ਼ਟਿਡ ਅਧਿਕਾਰੀ ਤੋਂ ਤਸਦੀਕ ਕਰਵਾਣੇ ਹਨ।
3. ਕੇਵਲ ਆਨ ਲਾਈਨ ਫਾਰਮਾਂ ਤੇ ਭੇਜੇ ਬਿਨੈ-ਪੱਤਰ ਹੀ ਸਵੀਕਾਰ ਕੀਤੇ ਜਾਣਗੇ। ਜਿਹੜਾ ਰਜਿਸਟ੍ਰੇਸ਼ਨ ਨੰ: ਫਾਰਮ ਉਤੇ ਹੋਵੇਗਾ ਉਸੇ ਰਜਿਸਟਰੇਸ਼ਨ ਨੰ: ਨੂੰ ਡਿਮਾਂਡ ਡਰਾਫਟ ਦੇ ਪਿੱਛੇ ਉਮੀਦਵਾਰ ਦੇ ਨਾਮ ਸਮੇਤ ਲਿਖਿਆ ਜਾਵੇ।
4. ਜੇਕਰ ਕੋਈ ਉਮੀਦਵਾਰ ਡੈਟਾ ਭਰਨ ਸਮੇਂ ਕੋਈ ਗਲਤੀ ਕਰ ਬੈਠਾ ਹੈ ਤਾਂ ਉਹ ਮਿਤੀ 01.12.2010 ਤੋਂ 20.12.2010 ਤੱਕ ਆਪਣਾ ਰਜਿਸਟਰੇਸ਼ਨ ਨੰਬਰ ਅਤੇ ਪਾਸਵਰਡ ਐਂਟਰ ਕਰਕੇ ਇਹ ਗਲਤੀ ਠੀਕ ਕਰ ਸਕਦਾ ਹੈ। ਇਸ ਤੋਂ ਪਿੱਛੋਂ ਕੋਈ ਦਰੁਸਤੀ ਨਹੀਂ ਹੋਵੇਗੀ। ਲਿਖਤੀ ਟੈਸਟ ਮਿਤੀ 15.01.2011 ਅਤੇ 16.01.2011 ਨੂੰ 11.00 ਤੋਂ 12.00 ਅਤੇ 2:00 ਤੋ 3:00 ਵਜੇ ਤੱਕ ਵਿਖੇ ਹੋਵੇਗਾ। ਪ੍ਰੀਖਿਆ ਕੇਂਦਰ ਲੋੜ ਅਨੁਸਾਰ ਘਟਾਏ/ਵਧਾਏ ਜਾ ਸਕਦੇ ਹਨ।
5. ਆਨ ਲਾਈਨ ਫਾਰਮ ਭਰਨ ਤੋਂ ਬਾਅਦ ਮਿਤੀ 27.12.2010 ਤੋਂ ਬਾਅਦ ਐਡਮਿਟ ਕਾਰਡ ਬਣੇਗਾ, ਜਿਸ ਵਿਚ ਉਮੀਦਵਾਰ ਦਾ ਰੋਲ ਨੰਬਰ ਅਤੇ ਪ੍ਰਖਿਆ ਦਾ ਸੈਂਟਰ ਲਿਖਿਆ ਹੋਏਗਾ। ਇਸ ਐਡਮਿਟ ਕਾਰਡ ਤੇ ਫੋਟੋ ਲਗਾ ਕੇ ਕਿਸੇ ਵੀ ਗਜ਼ਟਿਡ ਅਧਿਕਾਰੀ ਤੋਂ ਤਸਦੀਕ ਕਰਵਾਕੇ ਪ੍ਰਖਿਆ ਵਾਲੇ ਦਿਨ ਰਜਿਸਟਰੈਸ਼ਨ ਸਲਿਪ, ਬੈਂਕ ਡਰਾਫਟ ਲੈਕ ਪਹੁੰਚਣ।
6. ਉਮੀਦਵਾਰ ਪ੍ਰੀਖਿਆ ਕੇਦਰ ਵਿਖੇ ਪ੍ਰੀਖਿਆ ਦੇ ਟਾਇਮ ਤੋ ਇਕ ਘੰਟਾ ਪਹਿਲਾ ਆਪਣਾ Driving Licence, Voter ID card, PAN Card, Passport ਲੈਕੇ ਪਹੁੰਚਣ।
7. ਕਿਸੇ ਵੀ ਉਮੀਦਵਾਰ ਨੂੰ ਬਿਨ੍ਹਾਂ ਰੋਲ ਨੰਬਰ ਸਲਿਪ ਅਤੇ ਬੈਂਕ ਡਰਾਫਟ ਪ੍ਰੀਖਿਆ ਕੇਦਰ ਵਿਚ ਦਾਖਿਲ ਨਹੀ ਹੋਣ ਦਿੱਤਾ ਜਾਵੇਗਾ।
8. ਕਿਸੇ ਵੀ ਸਪਸ਼ਟੀਕਰਣ ਲਈ ਉਮੀਦਵਾਰ ਸੀ-ਡੈਕ ਮੋਹਾਲੀ ਦੇ ਹੈਲਪਲਾਈਨ ਨੰਬਰ 0172-2237052-53 ਤੇ ਕਿਸੇ ਵੀ ਕੰਮ ਵਾਲੇ ਦਿਨ 9.00 ਵਜੇ ਤੋਂ 5.00 ਵਜੇ ਤੱਕ ਸੰਪਰਕ ਕਰ ਸਕਦਾ ਹੈ।
9. ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵੈਬਸਾਈਟ **http://recruitment.cdacmohali.in** ਤੇ ਨਿਯਮਿਤ ਤੌਰ ਤੇ ਸੰਪਰਕ ਕਰਦੇ ਰਹਿਨ। ਬਾਕੀ ਵੇਰਵੇ ਸਹਿਤ ਹਦਾਇਤਾਂ ਵੀ ਵੈਬਸਾਈਟ ਤੇ ਉਪਲਭਦ ਹਨ।
10. ਉਮੀਦਵਾਰ ਦੀ ਉਮਰ **01-11-2010** ਨੂੰ 35 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ